## ਆਰਥਕ ਵਾਧੇ ਦੀ ਇੱਕ ਨਵੀਂ ਪੁਸ਼ਤ

ਸਰਕਾਰ ਇੱਕ ਮਜ਼ਬੂਤ ਆਰਥਕ ਵਾਧੇ ਦੇ ਟੀਚੇ ਨੂੰ ਹਾਸਲ ਕਰਨ ਅਤੇ ਇਸ ਨੂੰ ਕਾਇਮ ਰੱਖਣ ਲਈ ਵਚਨਬੱਧ ਹੈ ਤਾ ਕਿ ਆਂਟੇਰੀਓ ਵਾਸੀ ਇੱਕ ਲਾਸਾਨੀ ਜੀਵਨ-ਪੱਧਰ ਦਾ ਆਨੰਦ ਮਾਣ ਸਕਣ।

ਰਕਮ ਲਾਉਣ ਲਈ ਖਿੱਚ ਪੈਦਾ ਕਰਨ, ਕਾਰੋਬਾਰ ਨੂੰ ਵਿਕਸਤ ਹੋਣ ਅਤੇ ਵਧਣ-ਫੁੱਲਣ ਦੀ ਖੁੱਲ੍ਹ ਦੇਣ, ਖੋਜ ਵਣਜੀਕਰਣ ਅਤੇ ਕਾਢਾਂ ਕੱਢਣ ਨੂੰ ਉਤਸ਼ਾਹ ਦੇਣ ਲਈ 2004 ਬਜਟ ਕਈ ਮਹੱਤਵਪੂਰਨ ਕਦਮ ਤਜਵੀਜ਼ ਕਰਦਾ ਹੈ।

ਵਿਸ਼ੇਸ਼ ਕਰ ਹੇਠ ਦਰਜ ਸੁਝਾਉ ਸ਼ਾਮਲ ਹਨ:

- 2012 ਤੀਕ ਹੌਲੀ ਹੌਲੀ ਕੈਪੀਟਲ ਟੈੱਕਸ ਖ਼ਤਮ ਕਰ ਕੇ;
- *(Apprenticeship Training Tax Credit)* ਨਵੇਂ ਐਪਰੈਂਟਿਸਸ਼ਿੱਪ ਟਰੇਨਿੰਗ ਪ੍ਰੋਗਰਾਮ ਅਧੀਨ ਐਪਰੈਂਟਿਸਾਂ (ਸਿਖਾਂਦਰੂਆਂ) ਨੂੰ ਭਰਤੀ ਕਰਨ ਵਾਸਤੇ ਮਾਲਕਾਂ ਨੂੰ ਉਤਸ਼ਾਹ ਦੇ ਕੇ;
- ਛੋਟੇ ਕਾਰੋਬਾਰਾਂ ਲਈ ਇੱਕ ਏਜੰਸੀ ਖੋਲ੍ਹ ਕੇ;
- ਕੰਪਿਊਟਰਾਂ ਅਤੇ ਡੇਟਾ ਨੈੱਟਵਰਕ ਦੇ ਬੁਨਿਆਦੀ ਢਾਂਚੇ ਦੇ ਇਕੁਇਪਮੈਂਟ (ਸਾਜ਼ੋ-ਸਮਾਨ) ਨੂੰ ਖਾਤੇ ਵਿੱਚੋਂ ਛੇਤੀ ਕੱਢ ਦੇਣ ਦੀ ਖੁੱਲ੍ਹ ਦੇਣ ਲਈ *(capital cost allowance)* ਕੈਪੀਟਲ ਕਾਸਟ ਅਲਾਊਐਂਸ ਵਿੱਚ ਤਬਦੀਲੀ ਕਰ ਕੇ;
- ਛੋਟੇ ਅਤੇ ਦਰਮਿਆਨੇ ਆਕਾਰ ਦੇ ਕਾਰੋਬਾਰ ਦੇ ਵਿਕਾਸ ਨੂੰ ਵਧਾਉਣ ਲਈ *(Northern Ontario Grow Bonds program)* ਨਾਰਦਰਨ ਆਂਟੇਰੀਓ ਗ੍ਰੋ ਬਾਂਡਜ਼ ਪ੍ਰਗਰਾਮ ਸ਼ੁਰੂ ਕਰ ਕੇ;
- ਵਣਜੀਕਰਨ ਦੇ ਮੰਤਵ ਨਾਲ ਪਰਾਈਵੇਟ ਪੂੰਜੀ ਦੀ ਭਾਲ ਵਿੱਚ ਜੁਟੀਆਂ ਪਬਲਿਕ ਰਿਸਰਚ ਇੰਨਸਟੀਚਿਊਸ਼ਨਜ਼ (ਸਰਕਾਰੀ ਖੋਜ ਸੰਸਥਾਵਾਂ) ਦੀ ਮਦਦ ਕਰਨ ਲਈ $36 ਮਿਲੀਅਨ ਦਾ ਪ੍ਰੋਗਰਾਮ ਕਾਇਮ ਕਰ ਕੇ; ਅਤੇ
- ਤਰਕੀਬ ਦੇ ਬੁਨਿਆਦੀ ਢਾਂਚੇ ਦੀ ਇੱਕ 10 ਸਾਲਾ ਪਲੈਨ ਤਿਆਰ ਕਰ ਕੇ।

ਆਂਟੇਰੀਓ ਬਜਟ 2004 ਸੰਬੰਧੀ ਆਮ ਪੁੱਛ-ਗਿੱਛ ਹੇਠ ਦਰਜ ਨੰਬਰਾਂ ਤੋਂ ਕੀਤੀ ਜਾਣੀ ਚਾਹੀਦੀ ਹੈ:
Ministry of Finance Information Centre

Toll-free English & French inquiries 1-800-337-7222
Teletypewriter (TTY) 1-800-263-7776

ਇਸ ਦਸਤਾਵੇਜ਼ ਦੀਆਂ ਇਲੈਕਟੌਨ੍ਰਿਕ (ਕੰਪਿਊਟਰ) ਨਕਲਾਂ ਹਾਸਲ ਕਰਨ ਲਈ ਸਾਡੀ ਵੈੱਬ ਸਾਈਟ ਉਤੇ ਜਾਓ:
www.ontariobudget.fin.gov.on.ca

Punjabi



ਪ੍ਰਕਾਸ਼ਤ ਕਾਪੀਆਂ ਇਥੋਂ ਮੁਫ਼ਤ ਮਿਲਦੀਆਂ ਹਨ:
Publications Ontario
880 Bay Street, Toronto, Ontario M7A 1N8

| | |
|---|---|
| Telephone: | (416) 326-5300 |
| Toll-free: | 1-800-668-9938 |
| TTY Toll-Free: | 1-800-268-7095 |
| Web site: | www.publications.gov.on.ca |


Ontario

2004

# ਆਂਟੇਰੀਓ ਬਜਟ ਦੇ ਮੁੱਖ ਅੰਸ਼

## ਤਬਦੀਲੀ ਲਈ ਪਲੈਨ



### 2004 ਬਜਟ- ਸਿਹਤ ਅਤੇ ਵਿਦਿਆ, ਇਸ ਚਾਰ-ਸਾਲਾ ਵਿਸਤਰਤ ਪਲੈਨ ਦਾ ਧੁਰਾ ਹੈ

ਮਾਨਯੋਗ ਗਰੈਗ ਸੁਬਾਰਾ, ਵਿੱਤ ਮੰਤਰੀ ਨੇ 18 ਮਾਰਚ, 2004 ਨੂੰ ਆਂਟੇਰੀਓ ਸਰਕਾਰ ਦਾ ਬਜਟ ਪੇਸ਼ ਕੀਤਾ।

ਇਹ ਬੱਜਟ ਪਹਿਲੀ ਵਾਰੀ ਇੱਕ ਚਾਰ-ਸਾਲਾ ਵਿੱਤੀ ਪਲੈਨ ਪੇਸ਼ ਕਰਦਾ ਹੈ। ਇਹ ਇੱਕ ਸੰਤੁਲਤ ਤੇ ਮਿਸ਼ਰਤ ਢੰਗ ਨਾਲ ਰਕਮ ਲਾਉਣ, ਸਰਕਾਰੀ ਆਮਦਨ ਪੈਦਾ ਕਰਨ,ਖ਼ਰਚੇ ਘਟਾਉਣ ਅਤੇ ਆਰਥਕ ਵਿਕਾਸ ਦਾ ਰਾਹ ਤਿਆਰ ਕਰਦਾ ਹੈ। ਜਿੰਨ੍ਹਾਂ ਤਬਦੀਲੀਆਂ ਦੀ ਆਂਟੇਰੀਓ ਵਾਸੀ ਇੱਛਾ ਕਰਦੇ ਅਤੇ ਚਾਹੁੰਦੇ ਹਨ, ਇਹ ਪਲੈਨ ਹੇਠ ਦਰਜ ਕਦਮਾਂ ਰਾਹੀਂ ਉਨ੍ਹਾਂ ਦੀ ਸਮਰਥਨ ਕਰਦੀ ਹੈ:

- ਸੰਕਟਮਈ ਸਿਹਤ ਸੇਵਾਵਾਂ ਲਈ ਉਡੀਕ ਦਾ ਸਮਾਂ ਘਟਾਉਣਾ ਅਤੇ ਕਲਾਸ ਦੇ ਆਕਾਰ ਨੂੰ ਘਟਾਉਣਾ;
- ਮਹੱਤਵਪੂਰਨ ਸੇਵਾਵਾਂ ਨੂੰ ਬਰਕਰਾਰ ਰੱਖਦਿਆਂ 2007-08 ਤੀਕ ਬੱਜਟ ਸੰਤੁਲਤ ਕਰਨਾ;
- ਵਿਦਿਆ, ਸਿਖਲਾਈ, ਸਿਹਤ ਅਤੇ ਬੁਨਿਆਦੀ ਢਾਂਚੇ ਵਿੱਚ ਰਕਮਾਂ ਲਾ ਕੇ ਅਰਥਕ ਵਿਕਾਸ ਅਤੇ ਕਾਢਾਂ ਨੂੰ ਉਤਸ਼ਾਹਿਤ ਕਰਨਾ;
- ਸਿਹਤ ਵਿੱਚ ਰਕਮ ਲਾਉਣ ਅਤੇ ਜਿਸ ਢੰਗ ਰਾਹੀਂ ਸਿਹਤ ਵਿਉਂਤੀ ਜਾਂਦੀ ਹੈ,ਪ੍ਰਦਾਨ ਕੀਤੀ ਜਾਂਦੀ ਹੈ ਅਤੇ ਇਸ ਦਾ ਮੁੱਲਾਂਕਣ ਕੀਤਾ ਜਾਂਦਾ ਹੈ ਉਸ ਢੰਗ ਵਿੱਚ ਪਰਿਵਰਤਣ ਲਿਆਉਣ ਦੇ ਮੰਤਵ ਨਾਲ ਆਂਟੇਰੀਓ ਵਾਸੀਆਂ ਨੂੰ ਵੱਧ ਕੀਮਤ ਅਦਾ ਕਰਨ ਲਈ ਕਹਿਣਾ;
- ਇੱਕ ਅਜਿਹੀ ਵਿੱਤੀ ਤਰਕੀਬ ਤਿਆਰ ਕਰਨ ਲਈ, ਜੋ ਜ਼ਿੰਮੇਦਾਰ, ਯਥਾਰਥਕ ਅਤੇ ਚਲਣਯੋਗ ਹੋਵੇ, ਵਧੀ ਹੋਈ ਸਰਕਾਰੀ ਆਮਦਨ, ਕੁਝ ਖੇਤਰਾਂ ਵਿੱਚ ਖ਼ਰਚਿਆਂ ਉੱਤੇ ਸੀਮਾ ਲਾਉਣ ਅਤੇ ਪਹਿਲ ਦੇਣਯੋਗ ਹਿੱਸਿਆਂ ਵਿੱਚ ਰਕਮ ਲਾਉਣ ਨੂੰ ਇੱਕ ਥਾਂ ਇਕੱਠਾ ਕਰਨਾ।

## ਆਂਟੇਰੀਓ ਵਾਸੀਆਂ ਲਈ ਬਿਹਤਰ ਸਿਹਤ ਸੰਭਾਲ

ਸਰਕਾਰ ਸਿਹਤ ਸਿਸਟਮ ਨੂੰ ਰੋਗੀ-ਕੇਂਦਰਤ,ਖਪਤਕਾਰ ਵੱਲ ਝੁਕੀ ਅਤੇ ਪਰਿਣਾਮ-ਮੁਖੀ ਬਣਾਉਣ ਲਈ ਸਿਹਤ ਸਿਸਟਮ ਵਿੱਚ ਪਰਿਵਰਤਣ ਲਿਆਵੇਗੀ

ਸਿਹਤ ਸੰਭਾਲ ਸਿਸਟਮ ਵਿੱਚ ਹੇਠ ਦਰਜ ਮੰਤਵਾਂ ਨਾਲ ਰਕਮਾਂ ਲਾਈਆਂ ਜਾਣਗੀਆਂ:

- ਕੈਂਸਰ ਦੀ ਸੰਭਾਲ ਲਈ ਉਡੀਕ ਦਾ ਸਮਾਂ ਘਟਾਉਣਾ; 36,000 ਕਾਰਡਿਅਕ ਪ੍ਰੋਸੀਜਰ ਵਧੇਰੇ ਮੁਹੱਈਆ ਕਰਨੇ; 9,000 ਵੱਧ ਕੈਟਾਰੈਕਟ ਸਰਜਰੀਆਂ, 2,340 ਵੱਧ ਜੋੜਾਂ ਦੀਆਂ ਹੱਡੀਆਂ ਬਦਲਣੀਆਂ; ਅਤੇ 529,000 ਵਧੇਰੇ ਡਾਐਲਿਸਿਜ਼ ਰਾਹੀਂ ਇਲਾਜ;
- ਡਾਕਟਰਾਂ,ਨਰਸਾਂ ਅਤੇ ਨਰਸ ਪ੍ਰੈਕਟੀਸ਼ਨਰਾਂ ਦੀਆਂ 150 ਨਵੀਂਆਂ ਫ਼ੈਮਲੀ ਹੈਲਥ ਟੀਮਾਂ ਹੋਰ ਜਮਾਂ ਕਰਨਾ;
- 95,700 ਅਧਿਕ ਆਂਟੇਰੀਓ ਵਾਸੀਆਂ ਨੂੰ ਹੋਮ ਕੇਅਰ (ਘਰ ਵਿਖੇ ਸਾਂਭ-ਸੰਭਾਲ) ਪ੍ਰਦਾਨ ਕਰਨੀ;
- ਦੀਰਘ ਕਾਲੀਨ ਸੰਭਾਲ ਦੀ ਵਰਤੋਂ ਲਈ 3,760 ਬੈੱਡ ਹੋਰ ਸ਼ਾਮਲ ਕਰਨੇ;ਅਤੇ
- ਬੱਚਿਆਂ ਨੂੰ ਰੋਗ ਆਦਿ ਲੱਗਨ ਤੋਂ ਬਚਾਉਣ ਵਾਸਤੇ ਮੁਫ਼ਤ ਪ੍ਰੋਗਰਾਮ ਵਿੱਚ ਇਸ ਸਾਲ ਤਿੰਨ ਹੋਰ (ਟੀਕੇ) ਛੋਟੀ ਮਾਤਾ, ਮੈਨੀਨਾਈਟਸ ਅਤੇ ਨਿਮੋਨੀਆ ਸ਼ਾਮਲ ਕਰਨੇ।

ਸਿਹਤ ਸੰਭਾਲ ਵਿੱਚ ਲਾਉਣ ਲਈ ਫ਼ੰਡ ਵਾਸਤੇ ਅਸੀ *(Ontario Health Premium)* ਆਂਟੇਰੀਓ ਹੈਲਥ ਪ੍ਰਿਮੀਅਮ ਤਜਵੀਜ਼ ਕਰ ਰਹੇ ਹਾਂ। ਇਸ ਵਿੱਚ ਹਰੇਕ ਸੈਂਟ ਸਿਹਤ ਲਈ ਅਤੇ ਸਿਰਫ਼ ਸਿਹਤ ਲਈ ਲਾਉਣ ਦੇ ਨਾਲ ਨਾਲ, ਇਹ ਪ੍ਰੀਮਅਮ ਆਮਦਨੀ ਉੱਤੇ ਆਧਾਰਤ ਹੋਵੇਗਾ।

- ਆਮਦਨੀ ਦੀ ਪੌੜ੍ਹੀ ਦੇ ਸਭ ਤੋਂ ਹੇਠਾਂ ਆਉਂਦੇ ਲੋਕਾਂ ਨੂੰ ਅਦਾਇਗੀ ਨਹੀਂ ਕਰਨੀ ਪਏਗੀ; ਅਤੇ
- ਬਾਕੀ ਦੇ ਲੋਕਾਂ ਨੂੰ ਹਰ ਸਾਲ $300 ਅਤੇ $900 ਜਾਂ ਹਰ ਮਹੀਨੇ $25 ਤੋਂ $75 ਵਿਚਕਾਰ ਅਦਾ ਕਰਨੇ ਪੈਣਗੇ।

## ਵਿਦਿਆਰਥੀਆਂ ਲਈ ਸਫ਼ਲਤਾ

ਵਿਦਿਆ ਲਈ ਆਂਟੇਰੀਓ ਦੀ ਪਲੈਨ ਆਂਟੇਰੀਓ ਵਿੱਚ ਬੱਚਿਆਂ ਅਤੇ ਉਨ੍ਹਾਂ ਦੇ ਸਕੂਲਾਂ ਲਈ ਲਾਈਆਂ ਜਾਣ ਵਾਲੀਆਂ ਸਾਰਥਕ ਨਵੀਆਂ ਰਕਮਾਂ ਮੁਹੱਈਆ ਕਰੇਗੀ।

- ਜੂਨੀਅਰ ਕਿੰਡਰਗਾਰਟਨ ਅਤੇ ਗ੍ਰੇਡ 3 ਵਿੱਚਲੀ ਕਲਾਸ ਦਾ ਆਕਾਰ 20 ਤੋਂ ਵੱਧ ਨਹੀਂ ਹੋਵੇਗਾ;
- ਵਿਦਿਆਰਥੀਆਂ, ਜੋ ਪੜ੍ਹਨ,ਲਿਖਣ ਅਤੇ ਹਿਸਾਬ ਸੰਬੰਧੀ ਪ੍ਰਾਂਤਕ ਮਿਆਰਾਂ ਅਨੁਸਾਰ ਉੱਤਰਦੇ ਹੋਣ, ਉਨ੍ਹਾਂ ਦੀ ਨਿਸਬਤ ਵਧਾ ਕੇ 75% ਕੀਤੀ ਜਾਵੇਗੀ;
- 1,000 ਜਾਂ ਵੱਧ ਗਿਣਤੀ ਵਿੱਚ ਅਧਿਆਪਕਾਂ ਨੂੰ ਸਿਖਲਾਈ ਦਿੱਤੀ ਜਾਵੇਗੀ; ਅਤੇ
- ਸਾਖਰਤਾ ਅਤੇ ਗਿਣਤ ਯੋਗਤਾ ਲਈ 4,000 ਨਵੇਂ ਅਧਿਆਪਕਾਂ ਨੂੰ ਮਹਾਰਤ ਦੀ ਸਿਖਲਾਈ ਦਿੱਤੀ ਜਾਵੇਗੀ।

## ਮਜ਼ਬੂਤ ਭਾਈਚਾਰੇ

ਸਰਕਾਰ ਹੇਠ ਦਰਜ ਅਨੁਸਾਰ ਹਰੇਕ ਸਾਈਜ਼ ਦੇ ਭਾਈਚਾਰੇ ਵਾਸਤੇ ਰਕਮ ਲਾਏਗੀ:

- ਪਬਲਕ ਟਰਾਂਜ਼ਿਟ ਲਈ ਮਿਉਂਸਪੈਲਟੀਆਂ ਨੂੰ ਮੌਜੂਦਾ ਪ੍ਰਾਂਤਕ ਗੈਸ ਟੈਕਸ ਵਿੱਚੋਂ ਦੋ ਸੈਂਟ ਦੇ ਕੇ;
- *(Nutrient Management Act)* (ਧਰਤੀ ਨੂੰ) ਉਪਜਾਊ ਬਣਾਉਣ ਲਈ ਖਾਦ-ਪ੍ਰਬੰਧਾਂ ਦੇ ਐਕਟ ਦੀ ਪਾਲਨਾ ਕਰਨ ਵਿੱਚ ਕਿਸਾਨਾਂ ਦੀ ਮਦਦ ਕਰ ਕੇ;
- ਹਾਈਵੇਜ਼ ਦੀ ਮੁਰੰਮਤ ਕਰਨ ਅਤੇ ਉਨ੍ਹਾਂ ਵਿੱਚ ਵਾਧਾ ਕਰਨ ਲਈ ਲਗ ਪਗ $1ਬਿਲੀਅਨ ਖ਼ਰਚ ਕਰ ਕੇ;
- ਆਂਟੇਰੀਓ ਡਿਸਏਬਿਲੀਟੀ ਸਪੋਰਟ ਪ੍ਰੋਗਰਾਮ ਅਤੇ ਆਂਟੇਰੀਓ ਵਰਕਸ ਅਧੀਨ ਮੁੱਢਲੀਆਂ ਲੋੜਾਂ ਅਤੇ ਸ਼ੈਲਟਰ (ਰਿਹਣ ਸਥਾਨ) ਦੇ ਵੱਧ ਤੋਂ ਵੱਧ ਅਲਾਊਂਸ ਵਿੱਚ ਤਿੰਨ ਪ੍ਰਤੀਸ਼ਤ ਵਾਧਾ ਕਰ ਕੇ; ਅਤੇ
- ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਸਿਨੀਅਰਾਂ ਦੇ ਪ੍ਰਾਪਰਟੀ ਟੈੱਕਸ ਕ੍ਰੈਡਿਟ ਵਿੱਚ ਵਾਧਾ ਕਰਨਾ ਤਜਵੀਜ਼ ਕਰ ਕੇ।